# ਲੈਕਚਰਾਰ ਕਾਡਰ ਦੀ ਟੈਂਨਟੇਟਿਵ ਸੀਨੀਆਰਤਾ ਸੂਚੀ

ਵਿਸ਼ਾ: ਮਾਨਯੋਗ ਹਾਈ ਕੋਰਟ ਵੱਲੋ ਸਿਵਲ ਰਿੱਟ ਪਟੀਸਨ ਨੰ5059/2011 ਹਰਪਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਅਜਿਹੀਆਂ ਹੋਰ ਸਿਮੀਲਰ ਰਿੱਟ ਪਟੀਸ਼ਨਾ ਵਿੱਚ ਦਿੱਤੇ ਗਏ ਹੁਕਮ ਮਿਤੀ 27-05-2015 ਦੀ ਪਾਲਣਾ ਹਿੱਤ ਲੈਕਚਰਾਰ ਕਾਡਰ ਦੀ ਸੀਨੀਅਰਤਾ ਸੂਚੀ ਤਿਆਰ ਕਰਨ ਸਬੰਧੀ।

ਵਿਸ਼ੇ ਅਧੀਨ ਦਰਜ਼ ਲੈਕਚਰਾਰ ਕਾਡਰ ਦੀ ਸੀਨੀਅਰਤਾ ਸੂਚੀ ਤਿਆਰ ਕਰਨ ਹਿੱਤ ਪੁਰਾਣੀ ਸੀਨੀਅਰਤਾ ਸੂਚੀ ਮਿਤੀ 7-03-2011 ਤੇ ਪਬਲਿਕ ਨੋਟਿਸ ਦੇ ਕੇ ਇਤਰਾਜ ਮੰਗੇ ਗਏ ਸਨ ਤੇ ਇਸ ਉਪਰੰਤ ਸਬੰਧਤਾ ਨੂੰ ਕਮੇਟੀ ਵੱਲੋ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ। ਪ੍ਰਾਪਤ ਹੋਏ ਇਤਰਾਜਾ ਨੂੰ ਘੋਖਣ,ਅਤੇ ਇਸ ਸਬੰਧ ਵਿਚ ਦਿੱਤੀ ਗਈ ਨਿੱਜੀ ਸੁਣਵਾਈ ਉਪਰੰਤ ਕਮੇਟੀ ਵੱਲੋ ਮਾਣਯੋਗ ਹਾਈ ਕੋਰਟ ਵੱਲੋ ਦਿੱਤੇ ਗਏ ਫੈਸਲੇ,ਵਿਭਾਗ ਵੱਲੋ ਫਾਇਲ ਕੀਤੇ ਗਏ ਹਲਫੀਆਂ ਬਿਆਨ ਅਤੇ ਸਰਕਾਰ ਵੱਲੋ ਮਿਤੀ 10-10-2014 ਨੂੰ ਜਾਰੀ ਕੀਤੇ ਪੱਤਰ ਦੀ ਰੋਸ਼ਨੀ ਵਿਚ ਟੇਨਟੇਟਿਵ ਸੀਨੀਅਰਤਾ ਸੂਚੀ ਤਿਆਰ ਕਰ ਦਿੱਤੀ ਗਈ ਹੈ । ਸਮੂਹ ਸੰਬੰਧਤਾ ਨੂੰ ਇਸ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਟੈਂਨਟੇਟਿਵ ਸੀਨੀਅਰਤਾ ਸੂਚੀ ਸਬੰਧੀ ਆਪਣਾ ਇਤਰਾਜ ਜੇ ਕੋਈ ਹੋਵੇ, ਹੇਠ ਲਿਖੀਆਂ ਹਦਾਇਤਾ ਦੀ ਰੋਸ਼ਨੀ ਵਿਚ ਦੇ ਸਕਦੇ ਹਨ।

1. ਉਹ ਲੈਕਚਰਾਰ ਜਿੰਨ੍ਹਾਂ ਦਾ ਡੈਟਾ ਇਸ ਟੈਂਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਹੈ, ਉਹ ਆਪਣਾ ਡੈਟਾ ਨਾਲ ਦਿੱਤੇ ਗਏ ਪ੍ਰੋਫਾਰਮੇ ਵਿੱਚ ਭਰ ਕਿ ਹਾਰਡ ਕਾਪੀ ਨਾਲ ਲੋੜੀਂਦੇ ਦਸਤਾਵੇਜ ਲਗਾ ਕਿ ਹੇਠਾ ਦਿੱਤੇ ਪਤੇ ਤੇ ਕੇਵਲ ਰਜਿਸਟਡ ਡਾਕ ਰਾਂਹੀ ਮਿਤੀ 21/9/2015 ਤੱਕ ਪੁੱਜਦੇ ਕੀਤੇ ਜਾਣ ।
2. ਉਹ ਲੈਕਚਰਾਰ ਜਿੰਨ੍ਹਾ ਦਾ ਕਿਸੇ ਕਾਲਮ ਦਾ ਡੈਟਾ ਨਹੀਂ ਹੈ ਜਾਂ ਗਲਤ ਹੈ ਉਹ ਨਾਲ ਦਿੱਤੇ ਪ੍ਰੋਫਾਰਮੇ ਵਿੱਚ ਟੈਂਨਟੇਟਿਵ ਸੀਨੀਅਰਤਾ ਨੰਬਰ , ਨਾਮ , ਮੇਲ /ਫੀਮੇਲ ਅਤੇ ਜਿਸ ਕਾਲਮ ਦਾ ਡੈਟਾ ਠੀਕ ਕਰਨਾ ਹੈ, ਉਸ ਦਾ ਡੈਟਾ ਭਰ ਕੇ ਹਾਰਡ ਕਾਪੀ ਨਾਲ ਲੋੜੀਂਦੇ ਦਸਤਾਵੇਜ ਲਗਾ ਕੇ ਹੇਠਾ ਦਿੱਤੇ ਪਤੇ ਤੇ ਕੇਵਲ ਰਜਿਸਟਡ ਡਾਕ ਰਾਂਹੀ ਮਿਤੀ 21/9/2015 ਤੱਕ ਪੁੱਜਦੇ ਕਰਨ।
3. ਜਿਸ ਕਰਮਚਾਰੀ ਦਾ ਇਤਰਾਜ ਆਪਣੀ ਸੀਨੀਅਰਤਾ ਨੰਬਰ ਬਾਰੇ ਹੋਵੇ, ਉਹ ਅਪਣਾ ਇਤਰਾਜ ਵਿਸਥਾਰ ਨਾਲ ਦੱਸਦੇ ਹੋਏ ਹਾਰਡ ਕਾਪੀ ਜਿਸ ਨਾਲ ਲੋੜੀਂਦੇ ਦਸਤਾਵੇਜ ਲਗਾ ਕਿ ਹੇਠਾ ਦਿੱਤੇ ਪਤੇ ਤੇ ਕੇਵਲ ਰਜਿਸਟਡ ਡਾਕ ਰਾਂਹੀ ਨਿਸਚਿਤ ਮਿਤੀ ਤੱਕ ਪੁੱਜਦੇ ਕਰਨ।
4. ਸੀਨੀਅਰਤਾ ਬਾਰੇ ਕੋਈ ਵੀ ਇਤਰਾਜ ਕਰਨ ਤੋਂ ਪਹਿਲਾਂ ਟੈਂਨਟੇਟਿਵ ਸੀਨੀਆਰਤਾ ਸੂਚੀ ਚੰਗੀ ਤਰ੍ਹਾਂ ਚੈੱਕ ਕਰ ਲਈ ਜਾਵੇ ।
5. ਰਜਿਸਟਰਡ ਡਾਕ ਤੋ ਬਗੈਰ ਦਸਤੀ ਜਾਂ ਕਿਸੇ ਹੋਰ ਵਿਧੀ ਰਾਹੀ ਇਤਰਾਜ ਸਵੀਕਾਰ ਨਹੀ ਕੀਤਾ ਜਾਵੇਗਾ।
6. 21/9/2015ਤੋ ਬਾਅਦ ਪ੍ਰਾਪਤ ਹੋਣ ਵਾਲੇ ਇਤਰਾਜਾਂ ਨੂੰ ਵਿਚਾਰਿਆ ਨਹੀ ਜਾਵੇਗਾ।
7. ਰਜਿਸਟਰੀ ਲਿਫਾਫੇ ਤੇ ਹੇਠ ਲਿਖਿਆ ਪਤਾ ਲਿਖਿਆ ਜਾਵੇ ਅਤੇ ਇਸ ਉੱਪਰ (ਸੀਨੀਆਰਤਾ ਸਬੰਧੀ ਇਤਰਾਜ) ਦਰਜ਼ ਕੀਤਾ ਜਾਵੇ।

ਸੁਪਰਡੈਂਟ ਅਮਲਾ -1,
**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),**
ਚੌਥੀ ਮੰਜਿਲ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,
ਸੈਕਟਰ 62, , **ਫੇਜ-8, ਸ ਅ ਸ ਨਗਰ, ਪੰਜਾਬ**

ਨੱਥੀ : ਲੈਕਚਰਾਰ ਦੀ ਸੀਨੀਆਰਤਾ ਸਬੰਧੀ ਪ੍ਰੋਫਾਰਮਾ , ਲੈਕਚਰਾਰ ਦੀ ਸੀਨੀਆਰਤਾ ਸੂਚੀ

**ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ**